


The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

25 July 2020 Daily, editornztasveer@gmail.com designnztasveer@gmail.com Ph/Fax: 09 390 4644

# ਵਾਈਕਾਟੋ ਸ਼ਹੀਦੇ-ਆਜ਼ਮ-ਭਗਤ ਸਿੰਘ ਸਪੋਰਟਸ ਐਂਡ ਕਲਚਰਲ ਟਰੱਸਟ ਹੈਮਿਲਟਨ ਨਿਊਜ਼ੀਲੈਂਡ ਅਤੇ ਵਾਈਕਾਟੋ ਮਲਟੀ ਕਲਚਰਲ ਕੌਂਸਲ ਨੇ ਸਾਂਝੇ ਤੌਰ 'ਤੇ ਲਗਾਇਆ ਚੌਥਾ ਬਲੱਡ ਡੋਨੇਸ਼ਨ ਕੈਂਪ









ਆਕਲੈਂਡ (ਐਨ. ਜ਼ੈਡ. ਤਸਵੀਰ) : ਵਾਈਕਾਟੋ ਸ਼ਹੀਦੇ-ਆਜਮ-ਭੱਗਤ ਸਿੰਘ ਸਪੋਰਟਸ ਐਂਡ ਕਲਚਰਲ ਟਰੱਸਟ ਹੈਮਿਲਟਨ ਨਿਊਜੀਲੈਂਡ ਅਤੇ ਵਾਈਕਾਟੋ ਮਲਟੀ ਕਲਚਰਲ ਕੌਂਸਲ ਵੱਲੋਂ ਸਾਂਝੇ ਤੌਰ ਤੇ ਆਯੋਜਿਤ ਚੌਥੇ ਬਲੱਡ ਡੁਨੇਸ਼ਨ ਕੈਂਪ ਦੇ ਪਹਿਲੇ ਦਿੱਨ ਮਿਤੀ 23-07-2020 ਨੂੰ 50 ਦੇ ਕਰੀਬ ਡੌਨਰਜ ਨੇ ਬਲੱਡ ਤੇ ਪਲਾਜਮਾ ਦਾਨ ਕੀਤਾ ਕੈਂਪ ਦੇ ਉਦਘਾਟਨ ਮੌਕੇ ਲੇਬਰ ਪਾਰਟੀ ਦੇ ਹੈਮਿਲਟਨ ਵੈਸਟ ਤੋਂ ਉਮੀਦਵਾਰ ਡਾ. ਗੌਰਵ ਸ਼ਰਮਾ ਅਤੇ ਵਾਈਕਾਟੋ ਮਲਟੀਕਲਚਰਲ ਕੌਂਸਲ ਦੇ ਪ੍ਰਧਾਨ ਰਵਿੰਦਰ ਸਿੰਘ ਪੁਆਰ ਅਤੇ ਹੈਮਿਲਟਨ ਟੈਕਸੀ ਸੁਸਾਈਟੀ ਦੇ ਚੇਅਰਮੈਨ ਜਿੰਦੀ ਔਜਲਾ ਮੁਠੱਡਾ ਨੇ ਟਰੱਸਟ ਦੇ ਇਸ ਉਦਮ ਦੀ ਸ਼ਲਾਘਾ ਕਰਦਿਆਂ ਵੱਧ ਤੋਂ ਵੱਧ ਮੈਂਬਰਾਂ ਨੂੰ ਖ਼ੂਨਦਾਨ ਕਰਨ ਦੀ ਅਪੀਲ ਕੀਤੀ। ਸੋਹਣ ਸਿੰਘ ਚਾਹਲ,ਮਨਜੀਤ ਸਿੰਘ ਠੰਡਲ,ਅਮਰੀਕ ਸਿੰਘ ਜੱਜ,ਤੀਰਥ ਸਿੰਘ ਸੰਧਰ,ਅੰਗਰੇਜ਼ ਸਿੰਘ ਉਚੇਚੇ ਤੌਰ ਤੇ ਇਸ ਕੈਂਪ ਵਿੱਚ ਸ਼ਾਮਲ ਹੋਏ ਟਰੱਸਟ ਦੇਪ੍ਰਧਾਨ ਜਰਨੈਲ ਸਿੰਘ ਰਾਹੋਂ ਨੇ ਉਪਰੋਕਤ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਅੱਜ ਦੇ ਕੈਂਪ ਲਈ ਟਰੱਸਟ ਮੈਂਬਰ ਸੁਖਜੀਤ ਰੱਤੂ ,ਕਮਲਜੀਤ ਕੌਰ ਸੰਘੇੜਾ,ਖੁਸ਼ਮੀਤ ਸਿਧੂ ,ਵਰਿੰਦਰ ਸਿਧੂ ਅਤੇ ਵਲੰਟੀਅਰਜ ਵਿੱਚ ਹੈਰੀ ਢੀਂਡਸਾ, ਜਲ਼ਾਵਰ ਸਿੰਘ, ਅਰਸ਼ ਉਪਲ ,ਬਲਵੀਰ ਸੰਘੇੜਾ,ਪਰਵਿੰਦਰ ਚਾਹਲ ਦਾ ਯੋਗਦਾਨ ਵਰਣਨ ਯੋਗ ਸੀ ਕੱਲ ਦੂਸਰੇ ਦਿੱਨ ਵੀ ਵੱਡੀ ਗਿਣਤੀ ਵਿੱਚ ਵਲੰਟੀਅਰ ਖ਼ੂਨਦਾਨ ਤੇ ਪਲਾਜਮਾ ਦਾ ਨ ਕਰਨਗੇ।

**ਦੂਜੇ ਦਿੱਨ ਕੈਂਪ ਵਿੱਚ ਖ਼ੂਨਦਾਨ ਅਤੇ ਪਲਾਜ਼ਮਾ ਦਾਨ ਕਰਨ ਲਈ ਭਾਰੀ ਉਤਸ਼ਾਹ**

24-07-2020ਨੂੰ ਵੱਡੀ ਗਿਣਤੀ ਵਿੱਚ ਖੂਨਦਾਨ ਅਤੇ ਪਲਾਜ਼ਮਾ ਦਾਨ ਕਰਨ ਲਈ ਭਾਰੀ ਉਤਸ਼ਾਹ ਨਾਲ ਹਿੱਸਾ ਲਿਆ ਤਕਰੀਬਨ 32 ਡੌਨਰਜ ਵੱਲੋਂ ਖੂਨਦਾਨ 17ਵੱਲੋਂ ਪਲਾਜ਼ਮਾ ਦਾਨ ਅਤੇ 15 ਪਲਾਜ਼ਮਾ ਦਾਨ ਕਰਨ ਲਈ ਬੁਕਿੰਗ ਕੀਤੀ ਗਈ ਬਲੱਡ ਮੈਨਜਮੈਂਟ ਵੱਲੋਂ ਟਰੱਸਟ ਨੂੰ ਐਪਰੀਸ਼ੇਸਨ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਅਗਲੇ ਸਾਲ ਮਾਰਚ ਵਿੱਚ ਫਿਰ ਮਿੱਲਣ ਦੇ ਵਾਇਦੇ ਨਾਲ ਕੈਂਪ ਦੀ ਸਮਾਪਤੀ ਕੀਤੀ ਗਈ ਟਰੱਸਟ ਦੀ ਪੂਰੀ ਟੀਮ ਜਿਸ ਵਿੱਚ ਪ੍ਰਧਾਨ ਜਰਨੈਲ ਰਾਹੋਂ,ਉੱਪ ਪ੍ਰਧਾਨ ਕਮਲਜੀਤ ਕੌਰ ਸੰਘੇੜਾ ,ਸਕੱਤਰ ਵਰਿੰਦਰ ਸਿੱਧੂ ,ਕੈਸ਼ੀਅਰ ਗੁਰਵਿੰਦਰ ਬੁੱਟਰ ਮੈਂਬਰ ਰਵਿੰਦਰ ਸਿੰਘ ਪੁਆਰ ,ਸੁਖਜੀਤ ਰੱਤੂ,ਹਰਪ੍ਰੀਤ ਕੌਰ,ਖੁਸ਼ਮੀਤ ਕੌਰ ਸਿੱਧੂ,ਰਾਜਵੀਰ ਸਿੰਘ ਵੱਲੋਂ ਸਾਰੇ ਸਪੌਂਸਰਜ ਜ਼ਿਹਨਾਂ ਵਿੱਚ ਇਕਵਾਲ ਸਿੰਘ,ਅੰਗਰੇਜ਼ ਸਿੰਘ ਸੈਦ ਮੁਬਾਰਕ,ਵਿਜੇ ਪਾਲ,ਸ਼ੁਸ਼ਮਾ ਕਾਂਸਲ ਜੀ,ਕੁਲਵਿੰਦਰ ਸਿੰਘ ਬੰਗੇ ,ਹਰਗੁਣਜੀਤ ਸਿੰਘ ਅਤੇ ਸਾਰੇ ਵਲੰਟੀਅਰਜ,ਸਾਰੇਡੌਨਰਜ ਵੀਰਾਂ ਭੈਣਾਂ ਦਾ ਧੰਨਵਾਦ ਕੀਤਾ।

# ਭਾਰਤੀ ਹਾਈ ਕਮਿਸ਼ਨ ਵੱਲੋਂ ਫੁਟਕਲ ਕੌਂਸਲਰ ਸੇਵਾਵਾਂ ਲਈ ਅਰਜ਼ੀ ਦੇਣ ਵਾਲੇ ਭਾਰਤੀ ਪਾਸਪੋਰਟ ਧਾਰਕਾਂ ਲਈ ਸੂਚਨਾ ਜਾਰੀ

ਆਕਲੈਂਡ (ਐਨ. ਜ਼ੈਡ. ਤਸਵੀਰ) : ਭਾਰਤੀ ਹਾਈ ਕਮਿਸ਼ਨ ਨੇ ਫੈਸਲਾ ਲਿਆ ਗਿਆ ਹੈ ਕਿ ਹੁਣ ਤੋਂ ਅਸਲ ਇੰਡੀਅਨ ਪਾਸਪੋਰਟ ਨੂੰ ਪੁਲਿਸ ਕਲੀਅਰੈਂਸ ਸਰਟੀਫਿਕੇਟ ਅਤੇ ਹੋਰ ਫੁਟਕਲ ਕੌਂਸਲਰ ਸੇਵਾਵਾਂ ਲਈ ਉੱਚ ਕਮੇਟੀ ਨੂੰ ਭੇਜਣ ਭੇਜਣ ਦੀ ਜ਼ਰੂਰਤ ਨਹੀਂ ਪਵੇਗੀ। ਨਵੀਂ ਸੋਧ ਵਿਚ ਹਾਈ ਕਮਿਸ਼ਨਰ ਨੂੰ ਅਰਜ਼ੀ ਭੇਜਣ ਲਈ ਪਾਸਪੋਸਟ ਦੇ ਪਹਿਲੇ ਅਤੇ ਆਖਰੀ ਪੰਨਿਆਂ ਦੀ ਰੰਗਦਾਰ ਕਾਪੀ ਜੋ ਨਿਊਜ਼ੀਲੈਂਡ ਦੇ ਮੌਜੂਦਾ ਜਸਟਿਸ ਆਫ ਪੀਸ (ਜੇ.ਪੀ.) ਤੋਂ ਤਸਦੀਕ ਕੀਤੀ ਜ਼ਰੂਰੀ ਹੋਵੇਗੀ। ਬਿਨੈ ਪੱਤਰ ਜਮ੍ਹਾਂ ਕਰਾਉਣ ਲਈ ਵਿਅਕਤੀਗਤ ਤੌਰ 'ਤੇ ਆਉਂਦੇ ਬਿਨੈਕਾਰ, ਜੇਪੀ ਦੁਆਰਾ ਪ੍ਰਮਾਣ ਪੱਤਰ ਦੇ ਨਾਲ ਫੋਟੋਆਂ ਦੀ ਕਾਪੀਆਂ ਲਿਆ ਸਕਦੇ ਹਨ।

# ਦੁਨੀਆਂ ਭਰ 'ਚ ਕੋਰੋਨਾ ਮਾਮਲਿਆਂ 'ਚ ਰਿਕਾਰਡ ਵਾਧਾ, ਇਕ ਦਿਨ 'ਚ ਪੌਣੇ ਤਿੰਨ ਲੱਖ ਤੋਂ ਵੱਧ ਕੇਸ

ਦੁਨੀਆਂ ਭਰ 'ਚ ਕੋਰੋਨਾ ਮਾਮਲਿਆਂ ਦੀ ਗਿਣਤੀ 'ਚ ਹਰ ਦਿਨ ਰਿਕਾਰਡ ਵਾਧਾ ਹੋ ਰਿਹਾ ਹੈ। ਸ਼ੁੱਕਰਵਾਰ ਦੁਨੀਆਂ ਭਰ 'ਚ ਕੋਰੋਨਾ ਵਾਇਰਸ ਦੇ 2 ਲੱਖ 88 ਹਜ਼ਾਰ ਨਵੇਂ ਮਾਮਲੇ ਸਾਹਮਣੇ ਆਏ ਤੇ 6,182 ਲੋਕਾਂ ਦੀ ਮੌਤ ਹੋ ਗਈ। ਵਰਲਡੋਮੀਟਰ ਮੁਤਾਬਕ ਇਕ ਕਰੋੜ 59 ਲੱਖ ਤੋਂ ਜ਼ਿਆਦਾ ਲੋਕ ਹੁਣ ਤਕ ਕੋਰੋਨਾ ਦੀ ਲਪੇਟ 'ਚ ਆ ਚੁੱਕੇ ਹਨ। ਇਸ ਤੋਂ ਇਲਾਵਾ ਛੇ ਲੱਖ 41 ਹਜ਼ਾਰ ਲੋਕਾਂ ਦੀ ਕੋਰੋਨਾ ਵਾਇਰਸ ਕਾਰਨ ਮੌਤ ਹੋ ਗਈ ਹੈ। ਰਾਹਤ ਦੀ ਗੱਲ ਇਹ ਹੈ ਕਿ ਬਹੁਤ ਸਾਰੇ ਲੋਕ ਕੋਰੋਨਾ ਵਾਇਰਸ ਨੂੰ ਮਾਤ ਵੀ ਦੇ ਚੁੱਕੇ ਹਨ। ਹੁਣ ਤਕ 97 ਲੱਖ ਤੋਂ ਜ਼ਿਆਦਾ ਲੋਕ ਕੋਰੋਨਾ ਤੋਂ ਠੀਕ ਹੋ ਚੁੱਕੇ ਹਨ। ਇਸ ਦੇ ਬਾਵਜੂਦ ਦੁਨੀਆਂ ਦੇ ਵੱਖ-ਵੱਖ ਮੁਲਕਾਂ 'ਚ 55 ਲੱਖ ਐਕਟਿਵ ਕੇਸ ਹਨ ਤੇ ਇਨ੍ਹਾਂ ਦਾ ਇਲਾਜ ਜਾਰੀ ਹੈ। ਅਮਰੀਕਾ ਅਜੇ ਵੀ ਕੋਰੋਨਾ ਪ੍ਰਭਾਵਿਤ ਮੁਲਕਾਂ 'ਚ ਪਹਿਲੇ ਨੰਬਰ 'ਤੇ ਹੈ। ਜਿੱਥੇ ਹੁਣ ਤਕ 42 ਲੱਖ, 48 ਹਜ਼ਾਰ ਤੋਂ ਜ਼ਿਆਦਾ ਲੋਕ ਵਾਇਰਸ ਦਾ ਸ਼ਿਕਾਰ ਹੋ ਚੁੱਕੇ ਹਨ। ਇਸ ਤੋਂ ਇਲਾਵਾ ਅਮਰੀਕਾ 'ਚ ਇਕ ਲੱਖ, 48 ਹਜ਼ਾਰ ਤੋਂ ਜ਼ਿਆਦਾ ਲੋਕਾਂ ਦੀ ਜਾਨ ਜਾ ਚੁੱਕੀ ਹੈ। ਅਮਰੀਕਾ 'ਚ ਪਿਛਲੇ 24 ਘੰਟਿਆਂ 'ਚ 77 ਹਜ਼ਾਰ ਤੋਂ ਜ਼ਿਆਦਾ ਨਵੇਂ ਕੇਸ ਆਏ ਜਦਕਿ 1,129 ਲੋਕਾਂ ਦੀ ਮੌਤ ਹੋ ਗਈ। ਦੂਜੇ ਪਾਸੇ ਬ੍ਰਾਜ਼ੀਲ 'ਚ ਵੀ ਕੋਰੋਨਾ ਦਾ ਕਹਿਰ ਬਰਕਰਾਰ ਹੈ ਜਿੱਥੇ ਲਾਗ ਦੇ ਮਾਮਲੇ 23 ਲੱਖ ਤੋਂ ਜ਼ਿਆਦਾ ਹੋ ਚੁੱਕੇ ਹਨ ਤੇ 85 ਹਜ਼ਾਰ ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਕੋਰੋਨਾ ਪ੍ਰਭਾਵਿਤ ਮੁਲਕਾਂ 'ਚ ਭਾਰਤ ਦਾ ਤੀਜਾ ਨੰਬਰ ਹੈ ਜਿੱਥੇ 13 ਲੱਖ ਤੋਂ ਲੱਖ ਮਾਮਲੇ ਹੋ ਚੁੱਕੇ ਹਨ ਤੇ ਸਾਡੇ 31 ਹਜ਼ਾਰ ਦੇ ਕਰੀਬ ਮੌਤਾਂ ਹੋ ਗਈਆਂ ਹਨ।




## Matrimonial

Suitable match for pretty , well educated, Born in NZ , 5'6'', 25 yr jat sikh girl . Working in govt deptt in NZ . Parents invite proposals from educated tall boy well settled in NZ . Please send photo and biodata to Tajii20@hotmail.com, Phone 021177 0563

